**Office of Deputy Commissioner/District Magistrate, Fazilka**

**ਦਫ਼ਤਰ ਡਿਪਟੀ ਕਮਿਸ਼ਨਰ/ਜ਼ਿਲ੍ਹਾ ਮੈਜਿਸਟਰੇਟ, ਫਾਜ਼ਿਲਕਾ**

**(ਫੁਟਕਲ ਸ਼ਾਖਾ)**

ਹੁਕਮ :-

ਸਰਕਾਰ ਵੱਲੋਂ ਆਮ ਜਨਤਾ ਨੂੰ ਮਹਾਂਮਾਰੀ ਤੋਂ ਬਚਾਉਣ ਲਈ ਸਾਵਧਾਨੀ ਵਰਤਦੇ ਹੋਏ ਰਾਜ ਵਿਚ ਤਾਲਾ-ਬੰਦੀ ਦੇ ਨਾਲ-2 ਕਰਫਿਊ ਵੀ ਜਾਰੀ ਰੱਖਿਆ ਗਿਆ ਹੈ। ਇਸ ਲਈ ਲੋਕ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਫਾਜ਼ਿਲਕਾ ਜ਼ਿਲ੍ਹੇ ਦੇ ਵਸਨੀਕਾਂ ਨੂੰ ਕੋਰੋਨਾ ਮਹਾਂਵਾਰੀ ਦੇ ਪ੍ਰਕੋਪ ਤੋ ਬਚਾਉਣ ਲਈ ਐਪੀਡੇਮਿਕ ਕੰਟਰੋਲ ਐਕਟ 1897 (Epidemic Control Act-1897) ਸੈਕਸ਼ਨ-2 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮਿਤੀ 04-05-2020 ਤੋਂ ਮਿਤੀ 17-05-2020 ਤੱਕ ਜ਼ਿਲ੍ਹਾ ਫਾਜ਼ਿਲਕਾ ਵਿਚ ਕਰਫਿਊ ਦੇ ਨਾਲ ਤਾਲਾ-ਬੰਦੀ ਕੀਤੀ ਗਈ ਹੈ। ਆਮ ਜਨਤਾ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਇਸ ਦਫਤਰ ਦੇ ਪੱਤਰ ਨੰਬਰ 9829-59/ਐਮ.ਸੀ-3/ਐਮ.ਏ. ਮਿਤੀ 03-05-2020 ਰਾਹੀਂ ਜ਼ਿਲ੍ਹਾ ਫਾਜ਼ਿਲਕਾ ਵਿਚ ਵੱਖ-2 ਸ਼੍ਰੇਣੀ ਦੀਆਂ ਦੁਕਾਨਾ ਕਰਫਿਊ ਦੋਰਾਨ 50 % ਸਟਾਫ ਨਾਲ ਖੋਲਣ ਦੀ ਢਿੱਲ ਦਿੱਤੀ ਗਈ ਸੀ।

ਜ਼ਿਲ੍ਹਾ ਫਾਜ਼ਿਲਕਾ ਵਿਚ ਵੱਖ-2 ਸ਼੍ਰੇਣੀ ਦੀਆਂ ਦੁਕਾਨਾ ਦਾ ਸਮ੍ਹਾਂ ਸਵੇਰੇ 09:00 ਵਜੇ ਤੋਂ ਦੁਪਿਹਰ 01:00 ਵਜੇ ਤੱਕ ਨਿਸ਼ਚਿਤ ਕੀਤਾ ਗਿਆ ਸੀ। ਸਰਕਾਰ ਵੱਲੋਂ ਜਾਰੀ ਪੱਤਰ ਨੰ. SS/ACSH/2020/361 Dated 06-05-2020 ਰਾਹੀਂ ਦੁਕਾਨਾ ਖੋਲ੍ਹਣ ਦੇ ਸਮੇਂ ਵਿਚ ਹੋਰ ਢਿੱਲ ਦਿੱਤੀ ਗਈ ਹੈ, ਦੀ ਪਾਲਣਾ ਵਿਚ ਹੁਣ ਉਹਨਾਂ ਦੁਕਾਨਾਂ ਦੇ ਖੁਲ੍ਹਣ ਦਾ ਸਮ੍ਹਾਂ ਸਵੇਰੇ 07:00 ਵਜੇ ਤੋਂ ਦੁਪਿਹਰ 03:00 ਵਜੇ ਤੱਕ ਨਿਸ਼ਚਿਤ ਕੀਤਾ ਜਾਂਦਾ ਹੈ। ਵੱਖ-2 ਸ਼੍ਰੇਣੀ ਦੀਆਂ ਦੁਕਾਨਾ ਖੁਲ੍ਹਣ ਲਈ ਪਹਿਲਾਂ ਮੁਕਰਰ ਕੀਤੇ ਦਿਨ (ਵਾਰ) ਪਹਿਲਾਂ ਦੀ ਤਰ੍ਹਾਂ ਹੀ ਰਹਿਣਗੇ ਅਤੇ ਜਾਰੀ ਕੀਤੀਆਂ ਗਈਆਂ ਹਦਾਇਤਾਂ ਵੀ ਬਰਕਰਾਰ ਰਹਿਣਗੀਆਂ।

<u>ਜ਼ਿਲ੍ਹੇ ਵਿਚ ਸਥਾਪਿਤ ਬੈਂਕਾਂ ਸਬੰਧੀ</u> :- ਜ਼ਿਲ੍ਹੇ ਵਿਚ ਸਥਾਪਿਤ ਸਾਰੇ ਬੈਂਕ ਭਵਿੱਖ ਵਿਚ ਸਵੇਰੇ 09:00 ਵਜੇ ਤੋਂ ਲੈ ਕੇ 01:00 ਵਜੇ ਤੱਕ Public Dealing ਕਰਨਗੇ, ਉਸ ਤੋਂ ਬਾਅਦ ਉਹ ਲੋੜ ਅਨੁਸਾਰ ਬੈਂਕ ਦਾ ਕੰਮ ਕਰ ਸਕਦੇ ਹਨ। ਲੀਡ ਬੈਕ ਮੈਨੇਜਰ ਇਹ ਕਾਰਵਾਈ ਯਕੀਨੀ ਬਨਾਉਣਗੇ।

<u>ਸ਼ਰਾਬ ਦੇ ਠੇਕੇ ਖੋਲ੍ਹਣ ਸਬੰਧੀ</u> :- ਪੰਜਾਬ ਸਰਕਾਰ ਵੱਲੋਂ ਪੱਤਰ ਨੰ. 2020/2850-2882 ਮਿਤੀ 05-05-2020 ਦੀ ਪਾਲਣਾ ਵਿਚ ਜ਼ਿਲ੍ਹੇ ਵਿਚ ਸ਼ਰਾਬ ਦੇ ਸਮੂਹ ਠੇਕੇ ਸਵੇਰੇ 07:00 ਵਜੇ ਤੋਂ ਦੁਪਿਹਰ 03:00 ਵਜੇ ਤੱਕ ਪੱਤਰ ਵਿਚ ਦਰਜ ਹਦਾਇਤਾਂ ਅਨੁਸਾਰ ਖੋਲ੍ਹਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਅਗਰ ਕਿਸੇ ਗ੍ਰਾਹਕ ਵੱਲੋਂ Home Delivery ਦੀ ਮੰਗ ਕੀਤੀ ਜਾਂਦੀ ਹੈ ਤਾਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਗ੍ਰਾਹਕ ਨੂੰ Home Delivery ਵੀ ਇਸ ਸਮੇਂ ਦੋਰਾਨ ਹੀ ਕੀਤੀ ਜਾ ਸਕਦੀ ਹੈ। ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਫਾਜ਼ਿਲਕਾ ਇਹ ਕਾਰਵਾਈ ਯਕੀਨੀ ਬਨਾਉਣਗੇ।

ਇਹ ਹੁਕਮ ਅੱਜ ਮਿਤੀ 06-05-2020 ਨੂੰ ਮੇਰੇ ਹਸਤਾਖਰ/ਅਦਾਲਤੀ ਮੋਹਰ ਹੇਠ ਜਾਰੀ ਕੀਤਾ ਜਾਂਦਾ ਹੈ।

ਜ਼ਿਲ੍ਹਾ ਮੈਜਿਸਟਰੇਟ ਫਾਜ਼ਿਲਕਾ

6/5/20

ਅਰਵਿੰਦ ਪਾਲ ਸਿੰਘ ਸੰਧੂ, ਆਈ.ਏ.ਐਸ.
ਜ਼ਿਲ੍ਹਾ ਮੈਜਿਸਟਰੇਟ, ਫਾਜ਼ਿਲਕਾ।

ਪਿੱਠ ਅੰਕਣ ਨੰਬਰ 10255-265/ਐਮ.ਸੀ-3/ਐਮ.ਏ./ ਮਿਤੀ 06-05-2020

1) ਸੀਨੀਅਰ ਕਪਤਾਨ ਪੁਲਿਸ, ਫਾਜ਼ਿਲਕਾ।
2) ਸਿਵਲ ਸਰਜਨ, ਫਾਜ਼ਿਲਕਾ।
3) ਵਧੀਕ ਡਿਪਟੀ ਕਮਿਸ਼ਨਰ (ਜਨ)/(ਵਿਕਾਸ) ਫਾਜ਼ਿਲਕਾ ।
4) ਸਮੂਹ ਉਪ ਮੰਡਲ ਮੈਜਿਸਟਰੇਟ, ਜ਼ਿਲ੍ਹਾ ਫਾਜ਼ਿਲਕਾ।
5) ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਫਾਜ਼ਿਲਕਾ
6) ਡੀ.ਆਈ.ਓ ਐਨ.ਆਈ.ਸੀ. ਸਦਰ ਦਫਤਰ ਫਾਜ਼ਿਲਕਾ
7) ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਫਾਜ਼ਿਲਕਾ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਾ: ਜ਼ਿਲ੍ਹਾ ਮੈਜਿਸਟਰੇਟ,
ਫਾਜ਼ਿਲਕਾ।

Scanned with CamScanner